Alberta

ਨਿਊਜ਼ ਰਿਲੀਜ਼

ਕੈਂਪਸ ’ਚ ਆਮ ਸੂਝ-ਬੂਝ

3 ਨਵੰਬਰ 2026

ਜੇਕਰ ਪਾਸ ਹੋ ਜਾਂਦਾ ਹੈ ਤਾਂ ਬਿੱਲ 38 ਕੈਂਪਸ ’ਚ ਵਿਚਾਰਾਂ ਅਤੇ ਬਹਿਸ ਦੀ ਆਜ਼ਾਦੀ ਦੀ ਸੁਰੱਖਿਆ ਕਰੇਗਾ, ਪੁੱਜਤਯੋਗ ਅਤੇ ਅਨੁਮਾਨਯੋਗ ਟਿਊਸ਼ਨ ਫੀਸ ਨੂੰ ਸਮਰਥਨ ਕਰੇਗਾ ਅਤੇ ਵਿਦਿਆਰਥੀਆਂ ਦੇ ਆਚਰਣ ਲਈ ਵਧੇਰੇ ਸਪੱਸ਼ਟ ਮਿਆਰ ਨਿਰਧਾਰਤ ਕਰੇਗਾ।

ਐਲਬਰਟਾ ਸਰਕਾਰ ਬਿੱਲ 38, *ਐਡਵਾਂਸਡ ਐਜੂਕੇਸ਼ਨ ਸਟੈਚੂਟਸ ਅਮੈਂਡਮੈਂਟ ਐਕਟ, 2026 (Advanced Education Statutes Amendment Act, 2026)* ਪੇਸ਼ ਕਰ ਰਹੀ ਹੈ। *ਪੋਸਟ-ਸੈਕੰਡਰੀ ਲਰਨਿੰਗ ਐਕਟ (Post-secondary Learning Act)* ਵਿੱਚ ਸੋਧਾਂ ਵੱਧ ਤੋਂ ਵੱਧ ਟਿਊਸ਼ਨ ਫੀਸ ਦੀਆਂ ਰਕਮਾਂ ਲਾਗੂ ਕਰਨਗੀਆਂ, ਸੰਸਥਾਵਾਂ 'ਚ ਨਿਰਪੱਖਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਸਬੰਧੀ ਨੀਤੀਆਂ ਲਈ ਲੋੜਾਂ ਸਥਾਪਤ ਕਰਨਗੀਆਂ, ਅਤੇ ਵਿਦਿਆਰਥੀਆਂ ਦੇ ਆਚਰਣ ਲਈ ਵਧੇਰੇ ਸਪੱਸ਼ਟ ਮਿਆਰ ਨਿਰਧਾਰਤ ਕਰਨਗੀਆਂ। ਇਹ ਵਿਧਾਨ *ਪ੍ਰੋਫੈਸ਼ਨਲ ਗਵਰਨੈਂਸ ਐਕਟ (Professional Governance Act)* ਵਿੱਚ ਵੀ ਸੋਧ ਕਰੇਗਾ ਤਾਂ ਜੋ ਕੁਝ ਇੰਜੀਨੀਅਰਿੰਗ ਅਤੇ ਭੂ-ਵਿਗਿਆਨ ਪ੍ਰੋਫੈਸ਼ਨਲਾਂ ਨੂੰ ਨਿਯੰਤ੍ਰਿਤ ਕਰਨ ਦੇ ਤਰੀਕੇ ਨੂੰ ਸਰਲ ਬਣਾਇਆ ਜਾ ਸਕੇ।

“ਵਿਦਿਆਰਥੀਆਂ ਨੂੰ ਔਖੇ ਸਵਾਲ ਪੁੱਛਣ, ਵਿਚਾਰਾਂ ’ਤੇ ਖੁੱਲ੍ਹ ਕੇ ਬਹਿਸ ਕਰਨ ਅਤੇ ਇਹ ਜਾਣਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨਾਲ ਨਿਰਪੱਖ ਵਿਵਹਾਰ ਕੀਤਾ ਜਾਵੇਗਾ। ਪਰਿਵਾਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਟਿਊਸ਼ਨ ਫੀਸ ਕਿੰਨੀ ਕੁ ਹੋਵੇਗੀ, ਤਾਂ ਜੋ ਉਹ ਪਹਿਲਾਂ ਤੋਂ ਯੋਜਨਾ ਬਣਾ ਸਕਣ। ਇਹ ਬਿੱਲ ਇਹ ਦੋਵੇਂ ਕੰਮ ਕਰੇਗਾ ਅਤੇ ਐਲਬਰਟਾ ਦੀ ਉਸਾਰੀ ’ਚ ਮਦਦ ਕਰਨ ਵਾਲੇ ਇੰਜੀਨੀਅਰਿੰਗ ਅਤੇ ਭੂ-ਵਿਗਿਆਨ ਪ੍ਰੋਫੈਸ਼ਨਲਾਂ ਲਈ ਲਾਇਸੈਂਸ ਲੈਣਾ ਸੌਖੇਰਾ ਬਣਾਏਗਾ।”
Myles McDougall, ਮਿਨਿਸਟਰ ਆਫ ਐਡਵਾਂਸਡ ਐਜੂਕੇਸ਼ਨ

ਟਿਊਸ਼ਨ ਫੀਸ ਨੂੰ ਵਧੇਰੇ ਅਨੁਮਾਨਯੋਗ ਬਣਾਉਣਾ

ਇਹ ਸੋਧਾਂ ਐਲਬਰਟਾ ਨੂੰ ਟਿਊਸ਼ਨ ਫੀਸ 'ਚ ਵਾਧੇ ਦੀ ਸੀਮਾ ਲਾਉਣ ਵਾਲੇ ਪਾਸਿਉਂ ਮੋੜ ਕੇ ਪ੍ਰੋਗਰਾਮਾਂ ਜਾਂ ਪ੍ਰੋਗਰਾਮਾ ਗਰੁੱਪਾਂ ਲਈ ਵੱਧ ਤੋਂ ਵੱਧ ਟਿਊਸ਼ਨ ਫੀਸ ਦੀਆਂ ਰਕਮਾਂ ਮਿਥਣ ਵੱਲ ਲੈ ਜਾਣਗੀਆਂ। ਇਹ ਵੱਧ ਤੋਂ ਵੱਧ ਰਕਮਾਂ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਵਧੇਰੇ ਸਪੱਸ਼ਟਤਾ ਪ੍ਰਦਾਨ ਕਰਨਗੀਆਂ ਅਤੇ ਪ੍ਰੋਗਰਾਮ ਚਲਾਉਣ ਦੀ ਅਸਲ ਲਾਗਤ ਨੂੰ ਬਿਹਤਰ ਢੰਗ ਨਾਲ ਦਰਸਾਉਣਗੀਆਂ, ਜਦ ਕਿ ਸੰਸਥਾਵਾਂ ਇਨ੍ਹਾਂ ਸੀਮਾਵਾਂ ਦੇ ਅੰਦਰ ਰਹਿ ਕੇ ਟਿਊਸ਼ਨ ਫੀਸ ਤੈਅ ਕਰਨਗੀਆਂ। ਤਬਦੀਲੀ ਦੇ ਸਮੇਂ ਦੌਰਾਨ ਸਥਿਰਤਾ ਬਣਾਈ ਰੱਖਣ ਲਈ, ਮੌਜੂਦਾ ਘਰੇਲੂ ਵਿਦਿਆਰਥੀਆਂ ਦੀ ਟਿਊਸ਼ਨ ਫੀਸ 2027-28 ਵਿੱਚ ਦੋ ਪ੍ਰਤੀਸ਼ਤ ਤੋਂ ਵੱਧ ਨਹੀਂ ਵਧੇਗੀ।

ਵਿਚਾਰਾਂ ਅਤੇ ਬਹਿਸ ਦੀ ਆਜ਼ਾਦੀ ਦੀ ਸੁਰੱਖਿਆ ਕਰਨਾਂ

ਬਿੱਲ 38 *ਪੋਸਟ-ਸੈਕੰਡਰੀ ਲਰਨਿੰਗ ਐਕਟ* ਅਧੀਨ ਆਉਂਦੀਆਂ ਪਬਲਿਕ ਪੋਸਟ-ਸੈਕੰਡਰੀ ਅਤੇ ਸੁਤੰਤਰ ਅਕਾਦਮਿਕ ਸੰਸਥਾਵਾਂ ਵਿੱਚ ਸੰਸਥਾਗਤ ਨਿਰਪੱਖਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਸਬੰਧੀ ਨੀਤੀਆਂ ਲਈ ਘੱਟੋ-ਘੱਟ ਲੋੜਾਂ ਨਿਰਧਾਰਤ ਕਰੇਗਾ। ਸੰਸਥਾਗਤ ਨਿਰਪੱਖਤਾ ਕਿਸੇ ਸੰਸਥਾ ਵੱਲੋਂ ਇੱਕ ਸੰਸਥਾ ਵਜੋਂ ਉਸ ਦੇ ਵਿਦਿਅਕ, ਖੋਜਕਾਰੀ ਅਤੇ ਸੰਸਥਾਗਤ ਫ਼ਰਜ਼ਾਂ ਤੋਂ ਬਾਹਰ ਸਮਾਜਿਕ ਅਤੇ ਸਿਆਸੀ ਮੁੱਦਿਆਂ 'ਤੇ ਦਿੱਤੇ ਜਾਂਦੇ ਆਫੀਸ਼ੀਅਲ ਬਿਆਨਾਂ 'ਤੇ ਲਾਗੂ ਹੋਵੇਗੀ, ਪਰ ਇਹ ਅਕਾਦਮਿਕ ਆਜ਼ਾਦੀ ਨੂੰ ਜਾਂ ਵਿਦਿਆਰਥੀਆਂ, ਫੈਕਲਟੀ ਜਾਂ ਸਟਾਫ਼ ਵੱਲੋਂ ਕਾਨੂੰਨੀ ਤੌਰ 'ਤੇ ਕਹੀਆਂ ਜਾ ਸਕਣ ਵਾਲੀਆਂ ਗੱਲਾਂ ਨੂੰ ਸੀਮਤ ਨਹੀਂ ਕਰੇਗੀ।

"ਪੋਸਟ-ਸੈਕੰਡਰੀ ਸੰਸਥਾਵਾਂ ਵਿਭਿੰਨ ਦ੍ਰਿਸ਼ਟੀਕੋਣਾਂ, ਡੂੰਘੀ ਖੋਜ ਅਤੇ ਖੁੱਲ੍ਹੀ ਬਹਿਸ ਦੀਆਂ ਥਾਵਾਂ ਹਨ। ਅਕਾਦਮਿਕ ਆਜ਼ਾਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਸਾਡੇ ਮਿਸ਼ਨ ਦੀ ਬੁਨਿਆਦ ਹਨ। ਸਾਡੇ ਵਿਦਿਅਕ, ਖੋਜ ਅਤੇ ਸੰਸਥਾਗਤ ਫ਼ਰਜ਼ਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲਿਆਂ ਤੋਂ ਬਾਹਰ, ਸਮਾਜਿਕ ਅਤੇ ਸਿਆਸੀ ਸਵਾਲਾਂ 'ਤੇ ਨਿਰਪੱਖ ਰਹਿ ਕੇ, ਸਾਡੀਆਂ ਸੰਸਥਾਵਾਂ ਅਕਾਦਮਿਕ ਕਮਿਊਮਿਟੀ ਮੈਂਬਰਾਂ ਲਈ ਆਪਣੇ ਵਿਚਾਰ ਪ੍ਰਗਟ ਕਰਨ, ਵਿਚਾਰਾਂ ਨੂੰ ਚੁਣੌਤੀ ਦੇਣ ਅਤੇ ਖੁੱਲ੍ਹੀ ਸਮੀਖਿਆ ਵਿੱਚ ਹਿੱਸਾ ਲੈਣ ਲਈ ਵੱਧ ਤੋਂ ਵੱਧ ਸੰਭਵ ਥਾਂ ਬਣਾਈ ਰੱਖਣ ਵਿੱਚ ਮਦਦ ਕਰਦੀਆਂ ਹਨ।"

John Alho, ਐਗਜ਼ੈਕਟਿਵ ਡਾਇਰੈਕਟਰ, ਐਲਬਰਟਾ ਪੋਸਟ-ਸੈਕੰਡਰੀ ਨੈੱਟਵਰਕ (APSN)

ਵਿਦਿਆਰਥੀਆਂ ਨਾਲ ਨਿਰਪੱਖ ਵਿਵਹਾਰ ਯਕੀਨੀ ਬਣਾਉਣਾ

ਪਬਲਿਕ ਪੋਸਟ-ਸੈਕੰਡਰੀ ਸੰਸਥਾਵਾਂ ਕੋਲ ਇਸ ਵੇਲੇ ਵਿਦਿਆਰਥੀਆਂ ਲਈ ਕੋਡ ਆਫ ਕੰਡਕਟ ਹਨ, ਪਰ 2025 ਵਿੱਚ ਲਗਭਗ 200 ਨੀਤੀਆਂ ਦੀ ਸਰਕਾਰੀ ਸਮੀਖਿਆ ਵਿੱਚ ਪਾਇਆ ਗਿਆ ਕਿ ਇਨ੍ਹਾਂ ਨੂੰ ਲਿਖਣ ਅਤੇ ਲਾਗੂ ਕਰਨ ਦੇ ਤਰੀਕੇ ਵਿੱਚ ਅਸੰਗਤੀਆਂ ਹਨ। ਇਹ ਸੋਧਾਂ ਸਰਕਾਰ ਨੂੰ ਰੈਗੂਲੇਸ਼ਨ ਰਾਹੀਂ ਘੱਟੋ-ਘੱਟ ਜ਼ਰੂਰਤਾਂ ਨਿਰਧਾਰਤ ਕਰਨ ਦੀ ਆਗਿਆ ਦੇਣਗੀਆਂ, ਤਾਂ ਜੋ ਵਿਦਿਆਰਥੀਆਂ ਕੋਲ ਸਪੱਸ਼ਟ, ਪਹੁੰਚਯੋਗ ਨਿਯਮ ਅਤੇ ਨਿਰਪੱਖ, ਸਮੇਂ ਅਨੁਸਾਰ ਅਤੇ ਪਾਰਦਰਸ਼ੀ ਪ੍ਰਕਿਰਿਆਵਾਂ ਹੋਣ, ਜਿਨ੍ਹਾਂ ਵਿੱਚ ਨਿੱਜਤਾ ਦੀ ਢੁਕਵੀਂ ਸੁਰੱਖਿਆ ਹੋਵੇ। ਸੰਸਥਾਵਾਂ ਆਪਣੇ ਕੋਡ ਖੁਦ ਲਿਖਣਾ ਅਤੇ ਵਿਅਕਤੀਗਤ ਮਾਮਲਿਆਂ ਨੂੰ ਨਜਿੱਠਣਾ ਜਾਰੀ ਰੱਖਣਗੀਆਂ।

ਪ੍ਰੋਫੈਸ਼ਨਲ ਲਾਇਸੈਂਸਿੰਗ ਨੂੰ ਸਰਲ ਬਣਾਉਣਾ

ਬਿੱਲ 38 ਇੰਜੀਨੀਅਰਿੰਗ ਅਤੇ ਭੂ-ਵਿਗਿਆਨ ਦਾ ਵਿਸ਼ੇਸ਼ੀਕ੍ਰਿਤ ਕੰਮ ਕਰਨ ਵਾਲੇ ਪ੍ਰੋਫੈਸ਼ਨਲ ਟੈਕਨੋਲੋਜਿਸਟਾਂ ਅਤੇ ਪ੍ਰੋਫੈਸ਼ਨਲ ਲਾਇਸੈਂਸ-ਧਾਰਕਾਂ ਲਈ ਲਾਇਸੈਂਸਿੰਗ ਨੂੰ ਵੀ ਸਰਲ ਬਣਾਏਗਾ। ਐਸੋਸੀਏਸ਼ਨ ਆਫ ਪ੍ਰੋਫੈਸ਼ਨਲ ਇੰਜੀਨੀਅਰਜ਼ ਐਂਡ ਜੀਓਸਾਇੰਟਿਸਟਸ ਆਫ ਐਲਬਰਟਾ (APEGA) ਅਤੇ ਐਸੋਸੀਏਸ਼ਨ ਆਫ ਸਾਇੰਸ ਐਂਡ ਇੰਜੀਨੀਅਰਿੰਗ ਟੈਕਨੋਲੋਜੀ ਪ੍ਰੋਫੈਸ਼ਨਲਜ਼ ਆਫ ਐਲਬਰਟਾ (ASET) ਦੀ ਬੇਨਤੀ 'ਤੇ, ਦੋਵਾਂ ਗਰੁੱਪਾਂ ਨੂੰ APEGA ਵੱਲੋਂ ਨਿਯੰਤ੍ਰਿਤ ਕੀਤਾ ਜਾਵੇਗਾ। ਛੋਟੀਆਂ ਤਕਨੀਕੀ ਸੋਧਾਂ ਇਹ ਯਕੀਨੀ ਬਣਾਉਣਗੀਆਂ ਕਿ *ਪ੍ਰੋਫੈਸ਼ਨਲ ਗਵਰਨੈਂਸ ਐਕਟ* ਆਪਣੇ ਮਕਸਦ ਅਨੁਸਾਰ ਕੰਮ ਕਰੇ।

Alberta

ਨਿਊਜ਼ ਰਿਲੀਜ਼

ਫੈਰੀ ਤੱਥ

- ਵੱਧ ਤੋਂ ਵੱਧ ਟਿਊਸ਼ਨ ਫੀਸ ਦੀਆਂ ਰਕਮਾਂ ਉਚੇਰੀ ਸਿੱਖਿਆ ਦੇ ਮੰਤਰੀ ਵੱਲੋਂ ਮੰਤਰੀ ਪੱਧਰੀ ਆਦੇਸ਼ ਰਾਹੀਂ ਨਿਰਧਾਰਤ ਕੀਤੀਆਂ ਜਾਣਗੀਆਂ।
- 2019 ਤੋਂ ਲੈ ਕੇ, ਪਬਲਿਕ ਪੋਸਟ-ਸੈਕੰਡਰੀ ਅਤੇ ਸੁਤੰਤਰ ਅਕਾਦਮਿਕ ਸੰਸਥਾਵਾਂ ਤੋਂ ਪ੍ਰਗਟਾਵੇ ਦੀ ਆਜ਼ਾਦੀ ਸਬੰਧੀ ਨੀਤੀਆਂ ਰੱਖਣ ਦੀ ਉਮੀਦ ਕੀਤੀ ਜਾਂਦੀ ਰਹੀ ਹੈ। 2024 ਦੀ ਪਤਝੜ ਤੋਂ ਲੈ ਕੇ, ਉਹ ਕੈਂਪਸ 'ਚ ਪ੍ਰਗਟਾਵੇ ਦੀ ਆਜ਼ਾਦੀ ਬਾਰੇ ਸਾਲਾਨਾ ਰਿਪੋਰਟ ਦੇ ਰਹੀਆਂ ਹਨ।
- ਸੰਸਥਾਵਾਂ, ਨਵੀਆਂ ਘੱਟੋ-ਘੱਟ ਪਾਲਿਸੀ ਜ਼ਰੂਰਤਾਂ ਦੇ ਦਾਇਰੇ ਵਿੱਚ ਰਹਿ ਕੇ ਆਪਣੇ ਬੁਲਾਰਿਆਂ, ਸੱਦਿਆਂ ਅਤੇ ਸਮਾਗਮਾਂ ਦਾ ਪ੍ਰਬੰਧ ਖੁਦ ਕਰਨਾ ਜਾਰੀ ਰੱਖਣਗੀਆਂ।
- ਐਕਟ ਅਧੀਨ ਨਿਰਪੱਖਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਸਬੰਧੀ ਜ਼ਰੂਰਤਾਂ ਪਬਲਿਕ ਪੋਸਟ-ਸੈਕੰਡਰੀ ਅਤੇ ਸੁਤੰਤਰ ਅਕਾਦਮਿਕ ਸੰਸਥਾਵਾਂ 'ਤੇ ਲਾਗੂ ਹੋਣਗੀਆਂ। ਕੋਡ ਆਫ ਕੰਡਕਟ ਸਬੰਧੀ ਜ਼ਰੂਰਤਾਂ ਪਬਲਿਕ ਸੰਸਥਾਵਾਂ 'ਤੇ ਲਾਗੂ ਹੋਣਗੀਆਂ, ਜਦ ਕਿ ਸੁਤੰਤਰ ਅਕਾਦਮਿਕ ਸੰਸਥਾਵਾਂ ਲਈ ਜ਼ਰੂਰਤਾਂ ਪਾਲਿਸੀ ਰਾਹੀਂ ਨਿਰਧਾਰਤ ਕੀਤੀਆਂ ਜਾਣਗੀਆਂ।
- ਹੋਰ ਪ੍ਰਾਈਵੇਟ ਅਤੇ ਫਸਟ ਨੇਸ਼ਨਜ਼ ਪੋਸਟ-ਸੈਕੰਡਰੀ ਸੰਸਥਾਵਾਂ ਇਨ੍ਹਾਂ ਪ੍ਰਸਤਾਵਿਤ ਤਬਦੀਲੀਆਂ ਤੋਂ ਪ੍ਰਭਾਵਿਤ ਨਹੀਂ ਹੋਣਗੀਆਂ।

ਸਬੰਧਿਤ ਜਾਣਕਾਰੀ

- *ਪੋਸਟ-ਸੈਕੰਡਰੀ ਲਰਨਿੰਗ ਐਕਟ (Post-secondary Learning Act)*
- ਐਲਬਰਟਾ ਟਿਊਸ਼ਨ ਫਰੇਮਵਰਕ (Alberta tuition framework)
- *ਪ੍ਰੋਫੈਸ਼ਨਲ ਗਵਰਨੈਂਸ ਐਕਟ (Professional Governance Act)*

ਮੀਡੀਆ ਇਨਕੁਆਰੀਆਂ

Mason Kidney
mason.kidney@gov.ab.ca
587-340-2538
ਪ੍ਰੈੱਸ ਸੈਕਰੇਟਰੀ, ਐਡਵਾਂਸਡ ਐਜੂਕੇਸ਼ਨ